ਅਕਾਲੀ ਦਲ ਦਾ ਅਕਾਲ ਚਲਾਣਾ

ਸੁਖਦੀਪ ਸਿੰਘ ਬਰਨਾਲਾ
ਬਓਓਗਣਏਓਹੋ.ਚੋਮ
੯੮੭੮੬੮੬੬੮੪

...ਤੇ ਜਦੋ ਆਨੰਦਪੁਰ ਦਾ ਮਤਾ ਫਿਰ ਯਾਦ ਆਇਆ...

ਇੱਕ ਖੁੱਲਾ ਖਤ ਪੰਜਾਬ ਦੀ ਜਨਤਾ ਦੇ ਨਾਂ

'ਜਿੰਨਾ ਡੋਬੇ ਨੇ ਪੂਰ ਬੇੜੀ ਭਰ-ਭਰ ਦੇ
ਫੜਾਇਓ ਨਾ ਤੁਸੀਂ ਚੱਪੂ ਕਦੇ ਐਸੇ ਮਲਾਹਾਂ ਨੂੰ
ਪਰਮ ਸਤਿਕਾਰਯੋਗ ਸਮੂਹ ਪੰਜਾਬੀਓ,
ਵਾਹਿਗੁਰੂ ਜੀ ਕਾ ਖਾਲਸਾ,
ਵਾਹਿਗੁਰੂ ਜੀ ਕੀ ਫਤਿਹ।।

ਪੰਜਾਬ ਦਾ ਸਿਆਸੀ ਮਾਹੌਲ ਇਸ ਸਮੇਂ ਪੂਰਾ ਭੱਖ ਚੁੱਕਿਆ ਹੈ, ਜਿੱਥੇ ਇੱਥੋਂ ਦੀਆਂ ਦੋ ਪ੍ਰਮੁੱਖ ਪਾਰਟੀਆਂ ਕਰੋੜਾਂ ਰੁਪਏ ਦੀ ਇਸ਼ਤਿਹਾਰਬਾਜੀ ਦੇ ਚੱਕਰਾਂ ਵਿੱਚ ਉਲਝ ਗਈਆਂ ਹਨ। ਉੱਥੇ ਨਿਤ ਦਿਨ ਨਵੇਂ ਤੋਂ ਨਵੇ ਸਰਵੇ ਕਰਵਾਏ ਜਾ ਰਹੇ ਹਨ, ਖੈਰ 'ਯੇ ਪਬਲਿਕ ਹੈ ਸਭ ਜਾਨਤੀ ਹੈ, ਜਨਤਾ ਨੂੰ ਸਭ ਕੁੱਝ ਪਤਾ ਹੈ, ਪਿਛਲੀਆ ਚੋਣਾ ਦੌਰਾਨ ਅਕਾਲੀ ਦਲ ਵੱਲੋਂ ਵਿਰੋਧੀ ਧਿਰ ਖਿਲਾਫ ਜੋ ਮੁੱਖ ਮੁੱਦਾ ਬਣਾਇਆ ਗਿਆ ਹੈ, ਉਸ ਨੂੰ ਵੇਖ ਕੇ ਹਰ ਇੱਕ ਪੰਜਾਬੀ ਦਾ ਸਿਰ ਫ਼ਰਮ ਨਾਲ ਝੁਕ ਗਿਆ ਹੋਵੇਗਾ। ਕਈ ਵਾਰ ਇੰਝ ਮਹਿਸੂਸ ਹੋਇਆ ਜਿਵੇਂ ਖੇਤੀ ਪ੍ਰਧਾਨ ਸੂਬੇ ਵਿੱਚ ਕਾਲ ਪੈ ਗਿਆ ਹੋਵ, ਜਾਂ ਅਸੀਂ ਕਿਸੇ ਭੁੱਖਮਰੀ ਦੇ ਫ਼ਿਕਾਰ ਹੋ ਗਏ ਹੋਈਏ। ਕਈ ਵਾਰ ਆਪਣੇ ਆਪ ਤੇ ਭਿਖਾਰੀ ਜਾਂ ਮੰਗਤੇ ਹੋਣ 'ਚ ਸ਼ੱਕ ਵੀ ਪਿਆ। ਮੈਂ ਗੱਲ ਕਰ ਰਿਹਾ '੪ ਰੁ: ਕਿਲੋ ਆਟਾ ਦੇਣ ਬਾਰੇ! ਉੱਧਰ ਕਾਂਗਰਸੀ ਵੀ ਘੱਟ ਨਹੀਂ ਸੀ ਉਹ ਕਹਿੰਦੇ ਅਸੀਂ '੨ ਰੁ: ਕਿਲੋ ਦਿਆਂਗੇ! ਖੈਰ ਇਸ ਸਮੁੱਚੇ ਵਰਤਾਰੇ ਤੋਂ ਇੱਕ ਗੱਲ ਤਾਂ ਸਪੱਸ਼ਟ ਹੋਈ ਕਿ ਦੋਵੇਂ ਪ੍ਰਮੁੱਖ ਪਾਰਟੀਆਂ ਇੱਕ ਗੱਲ ਤਾਂ ਕਬੂਲ ਕਰ ਰਹੀਆਂ ਸਨ ਕਿ ਪੰਜਾਬ ਆਰਥਿਕ ਪੱਖੋਂ ਇੰਨ੍ਹਾਂ ਨੇ ਏਨਾਂ ਡਾਂਵਾਡੋਲ ਕਰ ਦਿੱਤਾ ਹੈ ਕਿ ਮੁੱਖ ਚੋਣ ਮੁੱਦਾ 'ਆਟਾ' ਹੀ ਬਣ ਕਿ ਰਹਿ ਗਿਆ।

ਹਥਲੇ ਲੇਖ ਵਿੱਚ ਆਪਾਂ ਪੰਥ ਦੇ ਠੇਕੇਦਾਰਾਂ, ਪੰਜਾਬੀ ਦੀ ਨੌਜੁਆਨੀ ਨੂੰ ਹਜਾਰਾਂ ਦੀ ਗਿਣਤੀ ਵਿੱਚ ਖਤਮ ਕਰਵਾਉਣ ਵਾਲਿਆਂ, ਲੱਖਾਂ ਲੋਕਾਂ ਨੂੰ ਮੋਰਚਿਆਂ ਦੀ ਸਿਆਸਤ ਵਿੱਚ ਦਫਨ ਕਰਨ ਵਾਲਿਆਂ, ਆਨੰਦਪੁਰ ਦੇ ਮਤੇ ਤੋਂ ਅੱਜ ਤੱਕ ੩੬ ਸਾਲ ਪੰਜਾਬ ਦੀ ਜਨਤਾ ਨੂੰ ਬੁਧੂ ਬਣਾਉਣ ਵਾਲਿਆਂ ਬਾਰੇ ਵਿਚਾਰ ਕਰਾਂਗੇ।

ਆਨੰਦਪੁਰ ਦਾ ਮਤਾ ੧੯੭੩ ਵਿੱਚ ਕੌਮ ਦੇ ਦਿਮਾਗ, ਨੈਸ਼ਨਲ ਪ੍ਰੋਫੈਸਰ ਆਫ ਸਿੱਖਇਜਮ ਸਿਰਦਾਰ ਕਪੂਰ ਸਿੰਘ ਜੀ ਵੱਲੋਂ ਲਿਖਿਆ ਗਿਆ ਸੀ। ਜਿਸਨੂੰ ਮੌਜੂਦਾ ਸਿੱਖ ਸਿਆਸਤ ਉਤੇ ਅਮਰਵੇਲ ਵਾਂਗ ਛਾਏ ਪ੍ਰਧਾਨ ਸਾਹਿਬ ਸਮੇਤ ਸਮੁੱਚੀ ਗਦਾਰ ਜੁੰਡਲੀ ਦੀ ਹਿਮਾਇਤ ਹਾਸਲ ਸੀ।

ਆਨੰਦਪੁਰ ਦੇ ਮਤੇ ਦਾ ਕੇਂਦਰੀ ਭਾਵ ਇਹ ਸੀ ਕਿ ਹਿੰਦੁਸਤਾਨ ਦੀ ਧੱਕੜ ਬਹੁਗਿਣਤੀ ਨੇ ੧੯੫੦ ਵਿੱਚ ਮੁਲਕ ਤੇ ਇੱਕ ਅਜਿਹਾ ਸੰਵਿਧਾਨਕ ਇੰਤਜਾਮ ਠੋਸਿਆ, ਜਿਸਨੇ ਸਿੱਖਾਂ ਨੂੰ ਜਿੱਥੇ ਉਹਨਾਂ ਦੀ ਰਾਜਸੀ ਪਛਾਣ ਅਤੇ ਸੱਭਿਆਚਾਰਕ ਵਿਲੱਖਣਤਾ ਤੋਂ ਸੱਖਣੇ ਕਰ ਦਿੱਤਾ, ਉੱਥੇ ਰਾਜਸੀ ਤੌਰ ਤੇ ਖਤਮ ਕਰਕੇ ਆਤਮਕ ਅਤੇ ਸੱਭਿਆਚਾਰਕ ਗਿਰਾਵਟ ਕੰਢੇ ਲੈ ਆਂਦਾ। ਸਿੱਖਾਂ ਨਾਲ ਕੀਤੇ ਸੰਜੀਦਾ ਇਕਰਾਰਨਾਮੇ, ਬੇਲਿਹਾਜੀ ਨਾਲ ਤੋੜ ਕੇ ਸਿੱਖਾਂ ਨੂੰ ਜਕੜ ਕੇ ਗੁਲਾਮ ਬਣਾ ਲਿਆ। ਫਲਸਰੂਪ ਸਿੱਖਾਂ ਦੇ ਨੁਮਾਇੰਦਿਆਂ ਨੇ ਸੰਵਿਧਾਨ ਦੇ ਮੂਲ ਦਸਤਾਵੇਜ ਉਤੇ ਆਪਣੇ ਦਸਤਖਤ ਕਰਨ ਤੋਂ ਇਨਕਾਰ ਕਰ ਦਿੱਤਾ।

ਆਨੰਦਪੁਰ ਦੇ ਮਤੇ ਦੀਆਂ ਮੁੱਖ ਮੰਗਾਂ ਵਿੱਚ ਨਾ ਤਾਂ ੪ ਰੁ: ਕਿਲੋ ਆਟਾ ਫ਼ਾਮਿਲ ਸੀ ਤੇ ਨਾਂ ਹੀ ੨੦ ਰੁ: ਕਿਲੋ ਦਾਲ, ਹਾਂ ਪੰਜਾਬ ਦੇ ਦਰਿਆਈ ਪਾਣੀਆਂ ਦੀ ਰਾਖੀ ਦਾ ਅਹਿਦ ਜਰੁਰ ਸੀ, ਪਰ ਬੰਬੀਆਂ ਦੇ ਬਿਲਾਂ ਦੀ ਮੁਆਫੀ ਬਾਰੇ ਕੋਈ ਵੀ ਮਦ ਉਸ ਵਿੱਚ ਸ਼ਾਮਿਲ ਨਹੀਂ ਸੀ। ਹਰਿਆਣਾ ਦੇ ਕਰਨਾਲ, ਥਾਨੇਸਰ ਅਤੇ ਅੰਬਾਲਾ ਜਿਲ੍ਹੇ ਚੰਡੀਗੜ੍ਹ, ਹਿਮਾਚਲ ਦੇ ਕਾਂਗੜਾ ਜਿਲ੍ਹੇ ਸਮੇਤ ਹਰਿਆਣਾ ਤੇ ਹਿਮਾਚਲ ਦੇ ਪਿੰਜੋਰ, ਕਾਲਕਾ, ਡਲਹੌਜੀ, ਨਾਲਾਗੜ੍ਹ ਦੇਸ਼, ਸਿਰਸਾ, ਗੂਹਲਾ ਅਤੇ ਰਤੀਆ ਇਲਾਕੇ, ਰਾਜਸਥਾਨ ਦਾ ਗੰਗਾਨਗਰ ਜਿਲ੍ਹਾ ਸਿੱਖਾਂ ਦੇ ਇੱਕ ਖੁਦਮੁਖਤਿਆਰ ਖਿੱਤੇ ਵਿੱਚ ਸ਼ਾਮਿਲ ਕਰਨ ਬਾਰੇ ਤਾਂ ਅਹਿਦ ਕੀਤਾ ਸੀ ਪਰ ਪੰਜਾਬ ਦੇ ਪਾਣੀਆਂ ਦੇ ਸੌਦੇ ਵਜੋਂ ਹਰਿਆਣੇ ਵਿੱਚ ਗੁੜਗਾਉਂ ਦੇ ਨੇੜੇ ੨੫੦ ਏਕੜ ਚ ਫਾਰਮ ਤੇ ੫ ਤਾਰਾ ਹੋਟਲ ਬਣਾਉਣ ਬਾਰੇ ਕੋਈ ਮਤਾ ਨਹੀਂ ਸੀ। ਨਾ ਹੀ ਪਿੰਡ ਬਾਦਲ ਵਿਖੇ ੧੧੨ ਏਕੜ ਦਾ ਫਾਰਮ ਬਣਾਉਣ ਲਈ ਕੋਈ ਵਿਚਾਰ ਸੀ, ਚੰਡੀਗੜ੍ਹ ਸੈਕਟਰ ੫ ਅਤੇ ਸੈਕਟਰ ੯ ਵਿਚਲੀਆਂ ਕਰੋੜਾਂ ਰੁਪਏ ਦੀਆਂ ਕੋਠੀਆਂ, ਰਾਜਸਥਾਨ ਦੇ ਪਿੰਡ ਚੱਕ ਬਾਦਲ (ਜਿਲ੍ਹਾ ਗੰਗਾਨਗਰ) ਵਿਖੇ ੩੫੦ ਏਕੜ ਦਾ ਫਾਰਮ, ਨਵੀਂ ਦਿੱਲੀ ਚਾਣਕੀਆ ਪੁਰੀ ਵਿੱਚ ੪੦ ਕਰੋੜ ਦਾ ਫਰੀਦਕੋਟ ਹਾਊਸ,

ਆਰਬਿਟ ਟਰੈਵਲ ਨਾਂ ਦੀਆਂ ਸੈਂਕੜੇ ਬੱਸਾਂ, ਆਸਟ੍ਰੇਲੀਆ ਪਰਥ ਵਿਖੇ ੮੦੦੦ ਏਕੜ ਦਾ ਫਾਰਮ ਅਤੇ ਹੋਰ ਅਰਬਾਂ ਰੁਪਏ ਦੀ ਨਾਮੀ-ਬੇਨਾਮੀ ਜਾਇਦਾਦ ਬਣਾਉਣ ਸਬੰਧੀ ਪ੍ਰਧਾਨ ਸਾਹਿਬ ਨੂੰ ਪੰਥ ਵੱਲੋਂ ਕੋਈ ਆਦੇਸ਼ ਨਹੀਂ ਸਨ ਕੀਤੇ ਗਏ।

ਪੰਜਾਬ ਤੇ ਪੰਜਾਬੀਆਂ ਦੇ ਹੱਕਾਂ ਦੀ ਪ੍ਰਾਪਤੀ ਲਈ ਕਪੂਰੀ ਦੇ ਮੋਰਚੇ ਤੋਂ ਦਿਲਾਵਰ ਸਿੰਘ ਦੇ ਫੀਤਾ-ਫੀਤਾ ਹੋ ਜਾਣ ਤੱਕ ਕੁਰਬਾਨੀਆਂ ਤਾਂ ਹਜਾਰਾਂ ਕੀਤੀਆਂ ਸਨ ਪਰ ਚੋਟਾਲਾ ਸਰਕਾਰ ਦੇ ੪ ਸਾਲ ਪੂਰੇ ਹੋਣ ਦੀ ਖੁਸ਼ੀ ਵਿੱਚ ਹੋ ਰਹੇ ਜਸ਼ਨਾਂ ਮੌਕੇ 'ਕਾਕਾ ਜੀ' ਵੱਲੋਂ ਚੌਟਾਲੇ ਦੀਆਂ ਬਾਹਾਂ ਵਿੱਚ ਬਾਹਾਂ ਪਾ ਕੇ ਸਤਲੁਜ ਯਮੁਨਾ ਲਿੰਕ ਨਹਿਰ ਨੂੰ ਛੇਤੀ ਨੇਪਰੇ ਚਾੜਨ ਦੀਆਂ ਕਸਮਾਂ ਖਾਣ ਬਾਰੇ ਕਿਸੇ ਨੇ ਸੁਪਨੇ ਵਿੱਚ ਵੀ ਨਹੀਂ ਸੋਚਿਆ ਸੀ।

ਪੰਜਾਬ ਨਾ ਹਿੰਦੂ ਨਾ ਮੁਸਲਮਾਨ ਇਹ ਤਾਂ ਵਸਦਾ ਗੁਰਾਂ ਦੇ ਨਾਂ 'ਤੇ ਦੇ ਸਿਧਾਂਤ ਤੇ ਕਾਇਮ ਕੀਤੇ ਗਏ ਅਕਾਲੀ ਦਲ ਵੱਲੋਂ ਸਿੱਖ ਕੌਮ ਦੀ ਖਾਤਰ, ਪੰਜਾਬੀ ਭਾਸ਼ਾ ਦੀ ਖਾਤਰ, ਕੁਰਬਾਨੀਆਂ ਨਾਲ ਭਰਿਆ ਸ਼ਾਨਾਮੱਤਾਂ ਇਤਿਹਾਸ ਤਾਂ ਜਰੂਰ ਸੀ ਪਰ.........................

੧੯੪੯ ਵਿੱਚ ਪੰਜਾਬੀ ਸੂਬੇ ਦੀ ਕਾਇਮੀ ਨੂੰ ਰੋਕਣ ਲਈ ਪੰਜਾਬੀ ਭਾਸ਼ਾ ਦਾ ਵਿਰੋਧ ਕਰਨ ਵਾਲਿਆਂ ਜਨਸੰਘੀਆਂ, ਬਜਰੰਗ ਦਲੀਆਂ, ਵਿਸ਼ਵ ਹਿੰਦੂ ਪ੍ਰੀਸ਼ਦ ਵਰਗੀਆਂ ਜੱਥੇਬੰਦੀਆਂ ਜੋ ਕਾਨੂੰਨੀ ਅਤੇ ਨਿੱਜੀ ਤੌਰ 'ਤੇ ਪੰਥ ਤੇ ਪੰਜਾਬ ਨਾਲ ਦੁਸ਼ਮਣੀ ਪਾਲਦੀਆਂ ਆ ਰਹੀਆਂ ਹਨ। ੧੯੫੧ ਵਿੱਚ ਮਰਦਮਸੁਮਾਰੀ ਦੌਰਾਨ ਪੰਜਾਬੀ ਹਿੰਦੂਆਂ ਨੂੰ ਮਾਤ ਭਾਸ਼ਾ ਹਿੰਦੀ ਲਿਖਵਾਉਣ ਦੀ ਅਪੀਲ ਕਰਨ ਵਾਲਿਆਂ, ੧੯੫੩ ਵਿੱਚ ਮਾਸਟਰ ਤਾਰਾ ਸਿੰਘ ਵੱਲੋਂ ਉਠਾਈ ਪੰਜਾਬੀ ਸੂਬੇ ਦੀ ਮੰਗ ਦਾ ਜੋਰਦਾਰ ਵਿਰੋਧ ਕਰਨ ਵਾਲਿਆਂ, ੧੫ ਅਗਸਤ ੧੯੬੧ ਜਦੋਂ ਮਾਸਟਰ ਤਾਰਾ ਸਿੰਘ ਨੇ ਪੰਜਾਬੀ ਸੂਬੇ ਦੇ ਹੱਕ ਵਿੱਚ ਮਰਨ ਵਰਤ ਰੱਖਿਆ ਤੇ ਇਸ ਉਲਟ ਜਨਸੰਘ (ਭਾਜਪਾ) ਰਾਸ਼ਟਰੀ ਸਕੱਤਰ ਯਸਦੱਤ ਸ਼ਰਮਾ ਵਰਗੇ ਜਿੰਨਾਂ ਨੇ ਪੰਜਾਬੀ ਸੂਬੇ ਦੇ ਵਿਰੋਧ ਵਿੱਚ ਮਰਨ ਵਰਤ ਰੱਖ ਲਿਆ। ਮਾਰਚ ੧੯੬੬ ਵਿੱਚ ਉਸ ਸਮੇਂ ਦੇ ਪ੍ਰਧਾਨ ਮੰਤਰੀ ਲਾਲ ਬਹਾਦਰ ਸ਼ਾਸਤਰੀ ਵੱਲੋਂ ਪੰਜਾਬੀ ਸੂਬਾ ਕਾਇਮ ਕਰਨ ਦੇ ਐਲਾਨ ਤੋਂ ਬਾਅਦ ਜਬਰਦਸਤ ਰੋਸ ਮੁਜਾਹਰੇ ਕਰਨ ਤੇ ਸਾੜਫੂਕ ਕਰਨ ਵਾਲਿਆਂ, ਸ੍ਰੀ ਅੰਮ੍ਰਿਤਸਰ ਸਾਹਿਬ ਨੂੰ ਪਵਿੱਤਰ ਸ਼ਹਿਰ ਐਲਾਨਣ ਦੇ ਵਿਰੋਧ ਵਿੱਚ ਡਾਗਾਂ ਤੇ ਤੰਬਾਕੂ ਦੇ ਪੈਕਟ, ਬੀੜੀਆਂ, ਸਿਗਰਟਾਂ ਦੇ ਬੰਡਲ ਟੰਗ ਤੇ ਜਲੂਸ ਕੱਢਣ ਵਾਲਿਆਂ, ਇੱਕ ਸੀਨੀਅਰ ਭਾਜਪਾ ਆਗੂ ਦੀ ਅਗਵਾਈ ਵਿੱਚ ਅੰਮ੍ਰਿਤਸਰ ਰੇਲਵੇ ਸਟੇਸ਼ਨ ਤੇ ਲੱਗੇ ਦਰਬਾਰ ਸਾਹਿਬ ਦੇ ਮਾਡਲ ਨੂੰ ਤੋੜਨ ਵਾਲਿਆਂ ਜਿੰਨਾਂ ਨੇ ਨਾਅਰੇਬਾਜੀ ਵੀ ਕੀਤੀ ਕਿ ‘ਬੀੜੀ ਸਿਗਰਟ ਪੀਏਂਗੇ, ਬੜੀ ਸ਼ਾਨ ਤੇ ਜੀਏਂਗੇ,

‘ਕੜਾ, ਕੱਛ ਔਰ ਕ੍ਰਿਪਾਨ, ਇਨਕੋ ਭੇਜੇਂਗੇ ਪਾਕਿਸਤਾਨ,

‘ਦੁੱਕੀ ਤਿੱਕੀ ਖਹਿਣ ਨਹੀਂ ਦੇਣੀ, ਸਿਰ ਤੇ ਪਗੜੀ ਰਹਿਣ ਨਹੀਂ ਦੇਣੀ!

ਦਰਬਾਰ ਸਾਹਿਬਰ ਤੇ ਹਮਲੇ ਤੋਂ ਬਾਅਦ ਇੰਦਰਾ ਗਾਂਧੀ ਨੂੰ ਦੁਰਗਾ ਦਾ ਖਿਤਾਬ ਦੇਣ ਵਾਲਿਆਂ,ਸੰਤ ਭਿੰਡਰਾਂਵਾਲਿਆਂ ਨੂੰ ਭਸਮਾਸੁਰ ਕਹਿਣ ਵਾਲਿਆਂ, ਤੇ ਹੋਰ ਵੀ ਸਮੇਂ ਸਮੇਂ ਪੰਥ ਤੇ ਪੰਜਾਬ ਦੀ ਪਿੱਠ ਵਿੱਚ ਛੁਰਾ ਮਾਰਨ ਵਾਲਿਆਂ ਨਾਲ ਆਪਣੇ ‘ਕਾਕੇ' ਲਈ ਕੇਂਦਰੀ ਮੰਤਰੀ ਦੀ ਕੁਰਸੀ ਲੈ ਕੇ ਪ੍ਰਧਾਨ ਸਾਹਿਬ ਦੀ ਘਿਉ ਖਿਚੜੀ ਹੋ ਜਾਣਾ, ਬਿਨਾਂ ਸ਼ਰਤ ਪੰਜ ਸਾਲ ਹਿਮਾਇਤ ਦੇਈ ਰੱਖਣਾ, ਪੰਜਾਬ ਦੇ ਇੱਕ ਵੀ ਮਸਲੇ ਬਾਰੇ ਉੱਕਾ ਈ ਮੂੰਹ ਨਾ ਖੋਲਣਾ, ਸਿੱਖਾਂ ਦੇ ਸਿਧਾਤਾਂ ਨੂੰ ਖੋਰਾ ਲਾਉਣ ਵਾਲੀਆਂ ਫਿਰਕਾਪ੍ਰਸਤ ਜਥੇਬੰਦੀਆਂ ਨੂੰ ਗੁਰਦੁਆਰਿਆਂ ਦੀ ਸਿਆਸਤ ਵਿੱਚ ਸ਼ਾਮਿਲ ਕਰਨ ਬਾਰੇ ਵੀ ਕੋਈ ਵੀ ਲਾਈਨ ਉਸ ਮਤੇ ਵਿੱਚ ਸ਼ਾਮਿਲ ਨਹੀਂ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੇ ਸਿੱਖ ਪੰਥ ਦੀ ਆਨ ਸ਼ਾਨ ਖਾਤਿਰ ਕੁਰਬਾਨੀਆਂ ਕਰਨ ਵਾਲੇ ਯੋਧਿਆਂ ਨਾਲ ਸ਼ਰਸ਼ਾਰ ਹੋਇਆ ਅਕਾਲੀ ਦਾ ਸ਼ਾਨਾਮੱਤਾ ਇਤਿਹਾਸ ਤਾਂ ਵੇਖਿਆ ਸੀ ਪਰ ਆਪਣੇ ਸਿਪਹਸਿਲਾਰਾਂ ਦੀ ਮਦਦ ਨਾਲ ਸਿੱਖਾਂ ਦੇ ਕਾਤਿਲ ਨਕਲੀ ਨਿਰੰਕਾਰੀਆਂ ਨੂੰ ਬਰੀ ਕਰਵਾਉਣ ਵਾਲੇ, ੧੯੭੮ ਤੋਂ ੧੯੯੫ ਤੱਕ ਬੰਦ ਪਏ ਨਿਰੰਕਾਰੀ ਭਵਨਾਂ ਦੇ ਦਰਵਾਜੇ ਦੁਬਾਰਾ ਖੁਲਵਾਉਣ ਵਾਲੇ, ਗੁਰੂ ਗ੍ਰੰਥ ਸਾਹਿਬ ਜੀ ਦੇ ੧੩ ਸਰੂਪਾਂ ਨੂੰ ਸਿੱਖਾਂ ਦੇ ਸੂਬੇ ਵਿੱਚ ਇਹੋ ਜਿਹੇ ਸਿੱਖਾਂ ਦੀ ਸਰਕਾਰ ਹੁੰਦਿਆਂ ਅੱਗ ਲਾ ਕੇ ਸਾੜਨ ਵਾਲੇ ਅਖੌਤੀ ਸਾਧ ਭਨਿਆਰੇ ਵਾਲੇ ਦੇ ਖੁਰਾਂ ਵਿੱਚ ਸਿਰ ਝੁਕਾਉਣ ਵਾਲੇ, ਨੂਰਮਹਿਲੀਏ ਪਾਖੰਡੀ ਦੇ ਡੇਰੇ ਤੇ ਜਾਕੇ ਵੋਟਾਂ ਦੀ ਖੈਰਤ ਮੰਗਣ ਵਾਲੇ, ਚੰਡੀਗੜ੍ਹ ਨੇੜੇ ਇੱਕ ਦੇਹਧਾਰੀ ਸੰਪਰਦਾ ਨੂੰ ਕਰੋੜਾਂ ਰੁਪਏ ਦੀ ਜਮੀਨ ਦੇਣ ਵਾਲੇ, ਸਿਰਸੇ ਵਾਲੇ ਬਲਾਤਕਾਰੀ ਸਾਧ ਕੋਲ ਵੋਟਾਂ ਦੀ ਭੀਖ ਮੰਗਣ ਵਾਲੇ, ਚੰਦਰਾਸੁਆਮੀ ਵਰਗੇ ਤਾਂਤਰਿਕਾਂ ਤੋਂ ਹਵਨ ਕਰਵਾਉਣ ਵਾਲੇ, ੫੦੦-੫੦੦ ਰਮਾਇਣ ਦੇ ਪਾਠ ਕਰਵਾਉਣ ਵਾਲੇ, ਭੁੱਕੀ ਸਮਗਲਿੰਗ ਦੇ ਕੇਸਾਂ ਵਿੱਚ ਫੜੇ ਜਾਂਦੇ ਸ੍ਰੋਮਣੀ ਕਮੇਟੀ ਮੈਂਬਰਾਂ ਵਰਗੇ, ਮਹਾਨ 'ਕਾਲੀਆਂ ਦੇ ਦਰਸ਼ਨ ਸਾਨੂੰ ਪਹਿਲੀ ਵਾਰ ਹੋ ਰਹੇ ਹਨ।

ਜਿਸ ਧਾਰਾ ੩੫੬ ਦੇ ਖਿਲਾਫ ਅਕਾਲੀ ਮੋਰਚੇ ਲਾਉਂਦੇ ਰਹੇ ਉਸੇ ਧਾਰਾ ੩੫੬ ਦੀ ਹਿਮਾਇਤ ਕੇਂਦਰ ਦੀ ਭਾਜਪਾ ਨਾਲ ਯਾਰੀ ਪੁਗਾਵੁਣ ਲਈ ਇੰਨਾਂ ਪੰਥ ਦੇ ਠੇਕੇਦਾਰਾਂ ਨੇ ਕਰ ਦਿੱਤੀ। ਜਿਸ ਗੁਰਦੇਵ ਸਿੰਘ ਕਾਉਂਕੇ ਦੀ ਗੁੰਮਸ਼ੁਦਗੀ ਵੇਲੇ ਪ੍ਰਧਾਨ ਸਾਹਿਬ ਕਾਤਿਲਾਂ ਨੂੰ ਗ੍ਰਿਫਤਾਰ ਕਰਨ ਦੇ ਦਮਗਜੇ ਮਾਰਦੇ ਸਨ। ਉਸੇ ਭਾਈ ਕਉਂਕੇ ਦੀ ਰਿਪੋਰਟ ਪੰਜ ਸਾਲ ਆਪਣੀ ਕੁਰਸੀ ਹੇਠ ਦੱਬੀ ਰੱਖੀ। ਜਿਸ ਜੁਬਾਨ ਨਾਲ ਕਦੇ ਸ੍ਰ: ਖਾਲੜਾ ਨੂੰ ਮਨੁੱਖ ਹੱਕਾਂ ਦਾ ਰਾਖਾ ਕਿਹਾ ਕਰਦੇ ਸੀ, ਪੰਜਾਬ ਲਈ ਸ਼ਹੀਦੀਆਂ ਪ੍ਰਾਪਤ ਕਰ ਰਹੇ ਵੀਰਾਂ ਦੇ ਭੋਗਾਂ ਤੇ ਜਾ ਕੇ ਸ਼ਰਧਾਂਜਲੀਆਂ ਪੜ੍ਹਿਆ ਕਰਦੇ ਸੀ, ਉਸੇ ਜੁਬਾਨ ਤੋਂ ਵਿਧਾਨ ਸਭਾ ਵਿੱਚ ਉਹਨਾਂ ਹੀ ਯੋਧਿਆਂ ਨੂੰ ਅੱਤਵਾਦੀਆਂ ਦੇ ਖਿਤਾਬ ਨਾਲ ਸਨਮਾਨਦੇ ਵੇਖੇ ਗਏ।

ਮੈਂ ਪੰਜਾਬ ਦੀ ਜਨਤਾ ਨੂੰ ਇਹ ਅਪੀਲ ਕਰਾਂਗਾ ਕਿ ਜਦੋਂ ਇਹ ਅਖੌਤੀ ਅਕਾਲੀ ਵੋਟਾਂ ਦੀ ਖਾਤਿਰ ਤੁਹਾਡੇ ਦਰਵਾਜੇ ਤੇ ਆਉਣ ਤਾਂ ਇੰਨਾਂ ਨੂੰ ਪੁੱਛੋ ਕਿ ਜਿ ਇੱਕ ਦੇਹਧਾਰੀ ਸੰਪਰਦਾ ਆਪਣਾ ਰੋਜਾਨਾ ਅਖਬਾਰ ਸੁਰੂ ਕਰ ਸਕਦੀ ਹੈ ਤਾਂ ਸ੍ਰੋਮਣੀ ਕਮੇਟੀ ਨੂੰ ਕਿਹੜਾ ਸੱਪ ਸੁੰਘ ਗਿਆ ਹੈ ਜਾਂ ਫਿਰ ਬਜਟ ਦੀ ਘਾਟ ਹੈ। ਆਪਣਾ ਟੀ.ਵੀ. ਚੈਨਲ ਤਾਂ ਦੂਰ ਦੀ ਗੱਲ ਹੈ, ਇੱਕ ਅਖਬਾਰ ਹੀ ਕੌਮ ਦੀ ਝੋਲੀ ਪਾ ਦਿਉ। ਬੇਸ਼ੱਕ ਉਹਨੂੰ ਵੀ ਆਪਣੀਆਂ ਕਰਤੂਤਾਂ ਛੁਪਾਉਣ ਲਈ ਹੀ ਵਰਤੀ ਜਾਇਉ। ਪਰ ਨਹੀਂ ਇਹ ਅਜਿਹਾ ਨਹੀਂ ਕਰਨਗੇ ਕਿਉਂਕਿ ਜੇ ਆਪਣਾ ਅਖਬਾਰ ਸ਼ੁਰੂ ਹੋ ਗਿਆ ਫਿਰ ਇਸ਼ਤਿਹਾਰਬਾਜੀ ਦਾ ਨਾਂ ਹੇਠ ਗੋਲਕਾਂ ਦਾ ਅਰਬਾਂ ਰੁਪਈਆ ਕਿਵੇਂ ਖਾਣਗੇ। ਕਰੋੜਾਂ ਰੁਪਈਆ ਖਰਚ ਕਰਕੇ ਆਪਣਾ ਜਨਮ ਦਿਨ ਮਨਾਉਣ ਵਾਲੇ ਪ੍ਰਧਾਨ ਸਾਹਿਬ ਜੀਉ ਬੜੀ ਮਿਹਰਬਾਨੀ ਹੋਵੇਗੀ ਕਿ ਤੁਹਾਡੀ ਕ੍ਰਿਪਾ ਸਦਕਾ ਮਰ ਚੁੱਕੇ ਅਕਾਲੀ ਦਲ ਦਾ ਸ਼ੋਕ ਸਮਾਗਮ ਰੱਖ ਲਿਆ ਜਾਵੇ।

ਅਸਲ ਵਿੱਚ ਪ੍ਰਧਾਨ ਸਾਹਿਬ ਦਾ ਕੋਈ ਕਸੂਰ ਨਹੀਂ। ਉਹਨਾਂ ਨੇ ਤਾਂ ੧੯੯੫ ਦੀ ਮੋਗਾ ਕਾਨਫਰੰਸ ਵਿੱਚ ਹੀ ਇਹ ਐਲਾਨ ਕਰ ਦਿੱਤਾ ਸੀ ਕਿ ਸਾਡੀ ਪਾਰਟੀ ਪੰਜਾਬੀ ਪਾਰਟੀ ਬਣ ਗਈ ਹੈ, ਇਹ ਹੁਣ ਸੈਕੂਲਰ ਪਾਰਟੀ ਹੈ ਨਾ ਕਿ ਇਕੱਲੇ ਸਿੱਖਾਂ ਦੀ। ਪਰ ਅਸੀਂ ਸਮਝ ਹੀ ਨਾ ਸਕੇ। ਕਿਸੇ ਲਾਵਾਰਿਸ ਲਾਸ਼ ਵਾਂਗ ਸਾਨੂੰ ਵੀ ਅਕਾਲੀ ਦਲ ਦੇ ਅਕਾਲ ਚਲਾਣੇ ਦਾ ਬੜੀ ਦੇਰ ਬਾਅਦ ਪਤਾ ਲੱਗਿਆ ਖੈਰ ਅਜੇ ਵੀ ਅੱਖਾਂ ਖੁੱਲ ਜਾਣ ਤਾਂ ਵਾਹ ਭਲੀ ਨਹੀਂ ਤਾਂ ਦਹਾਕਿਆਂ ਤੋਂ ਸਾਨੂੰ ਤੱਕੜੀ ਵਿੱਚੋਂ ਹੀ ਪੰਥ ਦਿਸਦਾ ਹੈ।

ਜਦੋਂ ਪ੍ਰਧਾਨ ਸਾਹਿਬ ਆਪਣੇ ਕਾਕੇ ਸਮੇਤ ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਜੇਲ ਚਲੇ ਜਾਂਦੇ ਆ ਤਾਂ ਅਚਾਨਕ ਪੰਥ ਵੀ ਖਤਰੇ 'ਚ ਹੋ ਜਾਂਦਾ ਹੈ ਤੇ ਪੰਥ ਨੂੰ ਖਤਰੇ ਚੋਂ ਕੱਢਣ ਲਈ ਪੰਥ ਦੀ ਵਾਹਿਦ ਸੰਸਥਾ ਸ਼੍ਰੋਮਣੀ ਕਮੇਟੀ ਤੁਰੰਤ ਹਰਕਤ ਵਿੱਚ ਆਕੇ ਸੜਕਾਂ ਤੇ ਮੁਜਾਹਰੇ ਕਰਦੀ ਹੈ ਤੇ ਜਲਦ ਰਿਹਾਈ ਨਾ ਹੋਣ ਦੀ ਸੂਰਤ ਵਿੱਚ ਮੋਰਚਾ ਵਿੱਢਣ ਦੀ ਧਮਕੀ ਦਿੰਦੀ ਹੈ। ਜੇ ਕੋਈ ਪ੍ਰਧਾਨ ਸਾਹਿਬ ਦੇ ਸਿਪਹਸਿਲਾਰਾਂ ਨੂੰ ਗੁਰੂ ਦੀ ਗੋਲਕ ਲੁੱਟਣ ਤੋਂ ਵਰਜਦਾ ਹੈ ਤਾਂ ਉਹ ਕਾਂਗਰਸ ਦਾ ਏਜੰਟ ਹੁੰਦਾ ਹੈ, ਜੇ ਜੱਥੇਦਾਰ ਸਾਹਿਬ ਪਾਸ ਪ੍ਰਧਾਨ ਸਾਹਿਬ ਦੀਆਂ ਪੰਜਾਬ ਅਤੇ ਪੰਥ ਨਾਲ ਕੀਤੀਆਂ ਗੱਦਾਰੀਆਂ, ਦੇਹਧਾਰੀਆਂ ਦੇ ਚਰਨਾਂ ਵਿੱਚ ਬੈਠੇ ਹੋਣ ਦੀਆਂ ਤਸਵੀਰਾਂ, ਅਨਮਤੀ ਕਰਮਕਾਂਡ, ਬੁੱਤਪ੍ਰਸਤੀ ਕਰਦਿਆਂ ਦੀਆਂ ਸੀ.ਡੀਜ ਭੇਜੀਆਂ ਜਾਂਦੀਆਂ ਹਨ। ਤੰਬਾਕੂ ਕੰਪਨੀ ਤੋਂ ਦਾਨ ਫੰਡ ਲੈਣ ਦੇ ਖਿਲਾਫ ਕੁੱਝ ਪੰਥ ਦਰਦੀ ਵੀਰ ਸ਼ਿਕਾਇਤ ਕਰਦੇ ਹਨ ਤਾਂ ਉਹ ਇੱਕ ਰਾਜਨੀਤਕ ਸਾਜਿਸ਼ ਅਖਵਾਉਦੀ ਹੈ।

ਖੈਰ ਲਿਖਣ ਲਈ ਬੜਾ ਕੁੱਝ ਹੈ ਕਿਉਂਕਿ ਪ੍ਰਧਾਨ ਸਾਹਿਬ ਦੇ ਕਾਰਨਾਮਿਆਂ ਦੀ ਲਿਸਟ ਬੜੀ ਲੰਬੀ ਹੈ ਪਰ ਮੈਂ ਪੰਜਾਬ ਦੀ ਜਨਤਾ ਨੂੰ ਇਹੋ ਕਹਿਣਾ ਚਾਹਾਂਗਾ ਕਿ ‘ਇਸ ਜੁੰਡਲੀ ਨੂੰ ਪੁੱਛੋ ਕਿ ਆਨੰਦਪੁਰ ਦਾ ਮਤਾ ਜਿਸਦੇ ਆਲੇ ਦੁਆਲੇ ਹੁਣ ਤੱਕ ਤੁਹਾਡੀ ਸਿਆਸਤ ਘੁੰਮਦੀ ਰਹੀ, ਤੁਸੀਂ ਸਿਆਸੀ ਰੋਟੀਆਂ ਸੇਕਦੇ ਰਹੇ। ਹਜਾਰਾਂ ਪੰਜਾਬ ਦੇ ਪੁੱਤ ਮਰਵਾ ਦਿੱਤੇ, ਤੁਸੀਂ ਦਿੱਲੀ ਸੰਵਿਧਾਨ ਦੀਆਂ ਕਾਪੀਆਂ ਸਾੜੀਆਂ, ਅਸਲ ਵਿੱਚ ਉਸੇ ਦਿਨ ਤੋ ਹੀ ਆਪਣੇ ਅੰਦਰੋ ਸਿੱਖੀ ਤੇ ਸਿਧਾਤਾਂ ਨੂੰ ਵੀ ਸਾੜ ਬੈਠੇ, ਉਹ ਚੰਡੀਗੜ੍ਹ ਦਾ ਮਸਲਾ, ਪੰਜਾਬ ਦੇ ਪਾਣੀ, ਪੰਜਾਬੀ ਬੋਲਦੇ ਇਲਾਕੇ, ਜਿਨਾਂ ਦੀ ਖਾਤਿਰ ਤੁਸੀਂ ਕੌਮ ਨੂੰ ੨੦ ਸਾਲ ਬਲਦੀ ਦੇ ਬੂਹੇ ਧੱਕੀ ਰੱਖਿਆ ਉਦੋਂ ਤੁਹਾਡੇ ‘ਕਾਕਾ ਜੀ' ਕਿੱਥੇ ਸਨ? ਉਹ ਵਿਚਾਰੇ ਧਰਮੀ ਫੌਜੀ ਜਿਹੜੇ ਤੁਹਾਡੀ ਇੱਕ ਪੰਥਕ ਅਪੀਲ ਸੁਣਕੇ ਬੈਰਕਾਂ ਛੱਡ ਆਏ ਤੇ ਜੇਲ੍ਹੀਂ ਧੱਕ ਦਿੱਤੇ ਗਏ ਉਨਾਂ ਦਾ ਕੀ ਬਣਿਆ, ਕਿੱਥੇ ਹਨ ਹੁਣ ਤੁਹਾਡੇ ਚੋਣ ਮੈਨੀਫੈਸਟੋ ਵਿੱਚ ਇਹ ਮੁੱਦੇ। ਕੀ ਇਹ ਸਾਰੇ ਮਸਲੇ ਹੱਲ ਹੋ ਗਏ ਹਨ......।